**ਜਮਾਤ -ਸੱਤਵੀਂ** **ਪਾਠ-3 ਪੰਜਾਬ ਦੀ ਲੋਕ-ਗਾਇਕਾ:ਸੁਰਿੰਦਰ ਕੌਰ**

**ਸਾਹਿਤ ਰੂਪ-ਜੀਵਨੀ** **ਲੇਖਿਕਾ- ਡਾ.ਹਰਿੰਦਰ ਕੌਰ**



**ਪ੍ਰਸ਼ਨ (ੳ) ਸੁਰਿੰਦਰ ਕੌਰ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?**

ਉੱਤਰ- ਸੁਰਿੰਦਰ ਕੌਰ ਦਾ ਜਨਮ 25 ਨਵੰਬਰ,1929 ਈਸਵੀ ਨੂੰ ਦੀਵਾਨ ਬਿਸ਼ਨ ਸਿੰਘ ਦੇ ਘਰ ਮਾਂ ਮਾਇਆ ਦੇਵੀ ਦੀ ਕੁੱਖੋਂ ਲਾਹੌਰ ਵਿਖੇ ਹੋਇਆ।

**ਪਸ਼ਨ(ਅ)ਸੁਰਿੰਦਰ ਕੌਰ ਨੇ ਕਿਹੜੇ-ਕਿਹੜੇ ਉਸਤਾਦਾਂ ਤੋਂ ਗਾਇਕੀ ਦੀ ਸਿੱਖਿਆ ਹਾਸਿਲ ਕੀਤੀ ?**

ਉੱਤਰ- ਸੁਰਿੰਦਰ ਕੌਰ ਨੇ ਬੜੇ ਗ਼ੁਲਾਮ ਅਲ਼ੀ ਖਾਨ ਦੇ ਭਾਣਜੇ ਅਨਾਇਤ ਹੁਸੈਨ ਤੋਂ ਸ਼ਾਸਤਰੀ ਸੰਗੀਤ, ਪਟਿਆਲੇ ਘਰਾਣੇ ਦੇ ਉਸਤਾਦਾਂ ਤੋਂ ਸ਼ਾਸਤਰੀ ਸੰਗੀਤ, ਗਜ਼ਲ,ਠੁਮਰੀ ਤੇ ਕੁੰਦਨ ਲਾਲ ਸ਼ਰਮਾਂ ਤੋਂ ਕਾਫ਼ੀਆਂ ਗਾਉਣ ਦੀ ਸਿੱਖਿਆ ਲਈ।

**ਪ੍ਰਸ਼ਨ (ੲ)ਛੋਟੀ ਉਮਰ ਵਿੱਚ ਹੀ ਸੁਰਿੰਦਰ ਕੌਰ ਦੀ ਪ੍ਰਸਿੱਧੀ ਵਧੀ,ਦੱਸੋ ਕਿਵੇਂ?**

ਉੱਤਰ- ਸੁਰਿੰਦਰ ਕੌਰ ਨੇ 12-13 ਸਾਲ ਦੀ ਉਮਰ ਵਿੱਚ ਲਾਹੌਰ ਰੇਡੀਉ ਸਟੇਸ਼ਨ ਤੋਂ ਪਹਿਲਾ ਗੀਤ ਗਾਇਆ।ਉਸ ਦੀ ਅਵਾਜ਼ ਤੋਂ ਪ੍ਰਭਾਵਿਤ ਹੋ ਕੇ 'ਹਿਜ਼ ਮਾਸਟਰਜ਼ ਵਾਇਸ' ਕੰਪਨੀ ਤੇ ਫ਼ਿਲਮਾਂ ਵਾਲਿਆਂ ਨੇ ਉਸ ਨੂੰ ਗਾਉਣ ਲਈ ਬੁਲਾਇਆ।ਇਸ ਤਰ੍ਹਾਂ ਛੋਟੀ ਉਮਰ ਵਿੱਚ ਹੀ ਉਹ ਪ੍ਰਸਿੱਧ ਹੋ ਗਈ।।

**ਪ੍ਰਸ਼ਨ (ਸ) ਸੁਰਿੰਦਰ ਕੌਰ ਨੇ ਆਪਣੀ ਗਾਇਕੀ ਬਾਰੇ ਆਪ ਕੀ ਦੱਸਿਆ ?**

ਉੱਤਰ-ਸੁਰਿੰਦਰ ਕੌਰ ਨੇ ਦੱਸਿਆ ਕਿ ਗਾਉਣ ਦਾ ਸ਼ੌਂਕ ਉਸ ਨੂੰ ਬਚਪਨ ਤੋਂ ਹੀ ਸੀ।ਰੱਬ ਨੇ ਹੀ ਇਹ ਸ਼ੌਂਕ ਲਾਇਆ ਅਤੇ ਉਸ ਦੀ ਕਿਰਪਾ ਨਾਲ ਹੀ ਇਹ ਸ਼ੌਂਕ ਪੂਰਾ ਹੁੰਦਾ ਆਇਆ ਤੇ ਹੁੰਦਾ ਰਹੇਗਾ।



**ਪ੍ਰਸ਼ਨ(ਹ)ਸੁਰਿੰਦਰ ਕੌਰ ਦੇ ਕਿਹੜੇ-ਕਿਹੜੇ ਗੀਤ ਵਧੇਰੇ ਹਰਮਨ-ਪਿਆਰੇ ਹੋਏ?**

ਉੱਤਰ-ਸੁਰਿੰਦਰ ਕੌਰ ਦੇ ਵਧੇਰੇ ਹਰਮਨ-ਪਿਆਰੇ ਗੀਤ ਇਹ ਹਨ:

ਸੜਕੇ-ਸੜਕੇ ਜਾਂਦੀਏ ਮੁਟਿਆਰੇ ਨੀ,ਕੰਡਾ ਚੁਭਾ ਤੇਰੇ ਪੈਰ ਬਾਂਕੀਏ ਨਾਰੇ ਨੀ।

ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ।

ਸਾਡਾ ਚਿੜੀਆਂ ਦਾ ਚੰਬਾ ਵੇ,ਬਾਬਲ ਅਸਾਂ ਉੱਡ ਜਾਣਾ।

**ਪ੍ਰਸ਼ਨ (ਕ)'ਸਾਡਾ ਚਿੜੀਆਂ ਦਾ ਚੰਬਾ' ਗੀਤ ਸੁਰਿੰਦਰ ਕੌਰ ਦੇ ਪਰਿਵਾਰ ਵਿੱਚੋਂ ਹੋਰ ਕਿਸ-ਕਿਸ ਨੇ ਗਾਇਆ ?**

ਉੱਤਰ-ਇਹ ਗੀਤ ਤਿੰਨੇ ਭੈਣਾਂ:ਪ੍ਰਕਾਸ਼ ਕੌਰ,ਸੁਰਿੰਦਰ ਕੌਰ ਅਤੇ ਨਰਿੰਦਰ ਕੌਰ ਨੇ ਗਾਇਆ। ਫਿਰ ਇਹੀ ਗੀਤ ਸੁਰਿੰਦਰ ਕੌਰ ਦੀ ਧੀ ਡੌਲੀ ਗੁਲੇਰੀਆ ਅਤੇ ਦੋਹਤੀ ਸੁਨੈਨਾ ਨੇ ਵੀ ਗਾਇਆ।

**ਪ੍ਰਸ਼ਨ (ਖ) ਸੁਰਿੰਦਰ ਕੌਰ ਦੇ ਪਤੀ ਨੇ ਉਹਨਾਂ ਦੀ ਗਾਇਕੀ ਵਿੱਚ ਕੀ ਯੋਗਦਾਨ ਪਾਇਆ?**

ਉੱਤਰ-ਸੁਰਿੰਦਰ ਕੌਰ ਦੇ ਪਤੀ ਸ.ਜੁਗਿੰਦਰ ਸਿੰਘ ਵਧੀਆ ਕਵਿਤਾਵਾਂ ਲੱਭ ਕੇ ਲਿਆਉਂਦੇ ਤੇ ਫਿਰ ਉਹਨਾਂ ਨੂੰ ਗਾਉਣ ਲਈ ਉਸ ਨੂੰ ਉਤਸ਼ਾਹਿਤ ਕਰਦੇ। ਰੋਜ਼ਾਨਾ ਰਿਆਜ਼ ਕਰਨ ਲਈ ਵੀ ਆਖਦੇ।


ਤਿਆਰ ਕਰਤਾ:-

ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700

ਪ੍ਰਸ਼ਨ (ਖ) ਕੀ ਕਾਰਨ ਸੀ ਕਿ ਸੁਰਿੰਦਰ ਕੌਰ ਗੀਤ ਪੇਸ਼ ਕਰਨ ਸਮੇਂ ਆਪਣੇ ਸ਼੍ਰੋਤਿਆਂ ਨੂੰ ਕੀਲ ਲੈਂਦੀ ਸੀ?

ਉੱਤਰ-ਸੁਰਿੰਦਰ ਕੌਰ ਸਧਾਰਨ ਲੋਕ-ਸਾਜ਼ਾਂ ਦੀ ਵਰਤੋਂ ਕਰਦੀ ਸੀ। ਉਸ ਦੀ ਸੁਰੀਲੀ ਅਵਾਜ਼,ਹੱਥਾਂ ਵਿੱਚ ਘੁੰਗਰੂ ਫੜ ਕੇ ਤਾਲ ਦੇਣ ਦਾ ਅੰਦਾਜ਼ ਤੇ ਉੱਚੀ ਹੇਕ ਸ੍ਰੋਤਿਆਂ ਨੂੰ ਕੀਲ ਲੈਂਦੀ ਸੀ।

ਪ੍ਰਸ਼ਨ (ਗ) ਸੁਰਿੰਦਰ ਕੌਰ ਨੇ ਪੰਜਾਬ ਤੋਂ ਇਲਾਵਾ ਹੋਰ ਕਿਹੜੀਆਂ-ਕਿਹੜੀਆਂ ਥਾਵਾਂ ਤੇ ਗੀਤ ਪੇਸ਼ ਕੀਤੇ?

ਉੱਤਰ-ਸੁਰਿੰਦਰ ਕੌਰ ਨੇ ਪੰਜਾਬ ਤੋਂ ਇਲਾਵਾ ਭਾਰਤ ਦੇ ਮਹਾਨਗਰਾਂ ਦਿੱਲੀ, ਮੁੰਬਈ, ਕਲਕੱਤਾ, ਮਦਰਾਸ, ਪਟਨਾ ਅਤੇ ਬਾਹਰਲੇ ਮੁਲਕਾਂ ਰੂਸ,ਚੀਨ,ਕਨੇਡਾ ਅਮਰੀਕਾ ਆਦਿ ਥਾਵਾਂ ਤੇ ਜਾ ਕੇ ਗੀਤ ਪੇਸ਼ ਕੀਤੇ।



ਪ੍ਰਸ਼ਨ 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:

1. ਕਲਾਕਾਰ - ਗੁਰਦਾਸ ਮਾਨ ਪੰਜਾਬ ਦਾ ਪ੍ਰਸਿੱਧ ਕਲਾਕਾਰ ਹੈ।
2. ਅੰਤਰਰਾਸ਼ਟਰੀ - ਹੁਣ ਕਬੱਡੀ ਇੱਕ ਅੰਤਰਰਾਸ਼ਟਰੀ ਖੇਡ ਹੈ।
3. ਪ੍ਰਭਾਵਿਤ - ਪੂਰਾ ਵਿਸ਼ਵ ਕੋਰੋਨਾ ਦੀ ਮਹਾਂਮਾਰੀ ਨਾਲ ਪ੍ਰਭਾਵਿਤ ਹੈ।
4. ਹਰਮਨ-ਪਿਆਰੇ- ਨਹਿਰੂ ਜੀ ਸਾਡੇ ਦੇਸ਼ ਦੇ ਹਰਮਨ-ਪਿਆਰੇ ਨੇਤਾ ਸਨ।
5. ਸਿਰਕੱਢ - ਸੁਰਿੰਦਰ ਕੌਰ ਪੰਜਾਬ ਦੀ ਸਿਰਕੱਢ ਗਾਇਕਾ ਸੀ।
6. ਹਿੰਦੁਸਤਾਨ - ਭਾਰਤ ਨੂੰ ਹਿੰਦੁਸਤਾਨ ਵੀ ਕਿਹਾ ਜਾਂਦਾ ਹੈ।
7. ਸੱਭਿਆਚਾਰ- ਪੰਜਾਬ ਦਾ ਸੱਭਿਆਚਾਰ ਬਹੁਤ ਅਮੀਰ ਹੈ।
8. ਸੁਹਾਗ - ਵਿਆਹ ਸਮੇਂ ਘੋੜੀਆਂ ਤੇ ਸੁਹਾਗ ਗਾਏ ਜਾਂਦੇ ਹਨ।

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700